# ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ/ਸੈ.ਸਿ.) ਬਠਿੰਡਾ

ਕਮਰਾ ਨੰਬਰ 458,ਐੱਮ.ਆਈ.ਐੱਸ. ਵਿੰਗ ਤੀਜੀ ਮੰਜ਼ਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬਠਿੰਡਾ
ਫੋਨ ਨੰਬਰ: 0164-2240025, ਈ-ਮੇਲ: misbathinda@punjabeducation.gov.in

ਵੱਲ

ਸਮੂਹ ਪ੍ਰਿੰਸੀਪਲ, ਮੁੱਖ ਅਧਿਆਪਕ, ਇੰਚਾਰਜ,
ਸਸਸਸ, ਸਹਸ, ਸਮਿਸ,
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ,
ਬਠਿੰਡਾ।

ਪੱਤਰ ਨੰ:-ਸਸਅ/ਐਮ.ਆਈ.ਐਸ./2018/230 ਮਿਤੀ ਬਠਿੰਡਾ:03-05-2018

ਵਿਸ਼ਾ ਈ-ਸਰਟੀਫਿਕੇਟ ਜਨਰੇਟ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਵੱਖ ਵੱਖ ਸਮੇਂ ਤੇ ਮੁੱਖ ਦਫ਼ਤਰ ਅਤੇ ਇਸ ਦਫ਼ਤਰ ਵੱਲੋਂ ਹਦਾਇਤਾ ਜਾਰੀ ਕੀਤੀਆਂ ਜਾ ਚੁੱਕੀਆਂ ਹਨ ਕਿ ਸਮੂਹ ਸਕੂਲਾਂ ਵੱਲੋਂ ਈ-ਪੰਜਾਬ ਪੋਰਟਲ ਤੇ ਹਰੇਕ ਮਹੀਨੇ ਦੀ 10 ਤਰੀਕ ਤੱਕ ਆਪਣੇ ਸਕੂਲ ਦਾ ਸਾਰਾ ਡਾਟਾ ਅਪਡੇਟ ਅਤੇ ਚੈੱਕ ਕਰਨ ਉਪਰੰਤ ਈ-ਸਰਟੀਫਿਕੇਟ ਜਰਨੇਟ ਕਰਨਾ ਹੁੰਦਾ ਹੈ।ਮੁੱਖ ਦਫ਼ਤਰ ਵੱਲੋਂ ਇਹ ਵੀ ਹਦਾਇਤਾ ਜਾਰੀ ਕੀਤੀਆ ਜਾ ਚੁੱਕੀਆਂ ਹਨ ਕਿ ਭਵਿੱਖ ਵਿੱਚ ਸਕੂਲਾਂ ਵੱਲੋਂ ਈ-ਪੰਜਾਬ ਪੋਰਟਲ ਤੇ ਅਪਡੇਟ ਅੰਕੜਿਆਂ ਨੂੰ ਹੀ ਵਰਤਿਆ ਜਾਵੇਗਾ।ਜੇਕਰ ਕਿਸੇ ਸਕੂਲ ਦੇ ਅੰਕੜਿਆਂ ਵਿੱਚ ਕੋਈ ਤਰੁੱਟੀ ਪਾਈ ਗਈ ਤਾਂ ਉਸ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।ਪਰ ਪੋਰਟਲ ਤੋਂ ਪ੍ਰਾਪਤ ਅੰਕੜਿਆ ਨੂੰ ਘੋਖਣ ਤੇ ਦੇਖਣ ਵਿੱਚ ਆਇਆ ਹੈ ਕਿ ਬਹੁਤੇ ਸਕੂਲਾਂ ਵੱਲੋਂ ਅਜੇ ਤੱਕ ਵੀ ਵਿਦਿਆਰਥੀਆ ਦਾ ਡਾਟਾ ਅਪਡੇਟ ਨਹੀ ਕੀਤਾ ਗਿਆ।ਇਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਆਪ ਵਿਭਾਗ ਵੱਲੋਂ ਪ੍ਰਾਪਤ ਹਦਾਇਤਾ ਨੂੰ ਜਾਣਬੁੱਝ ਕੇ ਅਣਦੇਖਾ ਕਰ ਰਹੇ ਹੋ।ਜੇਕਰ ਕੋਈ ਵਿਦਿਆਰਥੀ ਜਾਂ ਅਧਿਆਪਕ ਡਾਟਾ ਅਪਡੇਟ ਨਾ ਹੋਣ ਕਾਰਨ ਸਰਕਾਰ ਤੋਂ ਮਿਲਣ ਵਾਲੀ ਕਿਸੇ ਸਹੂਲਤ ਤੋਂ ਵਾਂਝਾ ਰਹਿ ਜਾਂਦਾ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਆਪ ਦੀ ਨਿੱਜੀ ਹੋਵੇਗੀ।ਆਪ ਨੂੰ ਮੁੜ ਤੋਂ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲ ਦਾ ਈ-ਸਰਟੀਫਿਕੇਟ ਸਮੇਂ ਸਿਰ ਜਨਰੇਟ ਕੀਤਾ ਜਾਵੇ।

ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ), ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ),
ਬਠਿੰਡਾ। ਬਠਿੰਡਾ।

ਪਿੱਠ ਅੰਕਣ ਨੰ:-ਉਕਤ ਮਿਤੀ:-ਉਕਤ

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1.) ਡਿਪਟੀ ਮੈਨੇਜਰ ਐਮ.ਆਈ.ਐਸ. ਸਸਅਅ ਪੰਜਾਬ, ਐਸ.ਏ.ਐਸ. ਨਗਰ ਜੀ ਨੂੰ ਸੂਚਨਾ ਹਿੱਤ।
2.) ਸਮੂਹ ਈਪੰਜਾਬ ਨੋਡਲ ਸਕੂਲ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪਣੇ ਨਾਲ ਅਟੈਚ ਮਿਡਲ ਸਕੂਲਾਂ ਅਤੇ ਪ੍ਰਾਇਮਰੀ ਸਕੂਲਾਂ ਨੂੰ ਨੋਟ ਕਰਵਾਇਆ ਜਾਵੇ ਅਤੇ ਈ-ਸਰਟੀਫਿਕੇਟ ਸਮੇ ਤੇ ਜਨਰੇਟ ਕੀਤਾ ਜਾਵੇ।

ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ), ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ),
ਬਠਿੰਡਾ। ਬਠਿੰਡਾ।